2023156911
18/12/2023

# ਰਾਜ ਵਿਦਿਅਕ ਖ਼ੋਜ 'ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ ਈ, ਛੇਵੀਂ ਮੰਜ਼ਿਲ, ਫੇਜ਼-8, ਮੋਹਾਲੀ,
ਈਮੇਲ: directorscert@punjabeducation.gov.in, ਫੋਨ ਨੰ. 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)/(ਐ.ਸਿ)
ਸਮੂਹ ਸਕੂਲ ਮੁੱਖੀ
ਪੰਜਾਬ।

**ਮੀਮੋ ਨੰ: e-617650/SCERT,QP/UP/2023-** 329674
**ਮਿਤੀ: ਐਸ.ਏ.ਐਸ.ਨਗਰ,** 15.12.2023

**ਵਿਸ਼ਾ: ਮਿਸ਼ਨ ਸਮਰੱਥ ਤਹਿਤ ਦਸੰਬਰ 2023 ਵਿੱਚ ਕਰਵਾਈ ਜਾਣ ਵਾਲੀ Assessment, PTM ਸਬੰਧੀ ਅਤੇ ਦਸੰਬਰ ਦੀਆਂ ਛੁੱਟੀਆਂ ਦੌਰਾਨ ਦਿੱਤੇ ਜਾਣ ਵਾਲੇ ਕੰਮ ਬਾਰੇ ਭੇਜੀਆਂ ਜਾਣ ਵਾਲੀਆਂ ਹਦਾਇਤਾਂ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਿਸ਼ਨ ਸਮਰੱਥ ਤਹਿਤ ਦਸੰਬਰ 2023 ਵਿੱਚ ਕਰਵਾਈ ਜਾਣ ਵਾਲੀ Assessment, PTM ਸਬੰਧੀ ਅਤੇ ਦਸੰਬਰ ਦੀਆਂ ਛੁੱਟੀਆਂ ਦੌਰਾਨ ਦਿੱਤੇ ਜਾਣ ਵਾਲੇ ਕੰਮ ਬਾਰੇ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

**2.0 <u>ਦਸੰਬਰ 2023 ਵਿੱਚ ਮਿਸ਼ਨ ਸਮਰੱਥ ਤਹਿਤ ਕੀਤੀ ਜਾਣ ਵਾਲੀ Assessment ਸਬੰਧੀ:</u>**

**2.1** ਮਿਸ਼ਨ ਸਮਰੱਥ ਤਹਿਤ ਸਮੂਹ ਸਕੂਲਾਂ ਵਿੱਚ ਦਸੰਬਰ 2023 ਵਿੱਚ ਵਿਦਿਆਰਥੀਆਂ ਦੀ testing ਦੁਬਾਰਾ ਕੀਤੀ ਜਾਣੀ ਹੈ। ਇਹ ਟੈਸਟਿੰਗ ਵਿਦਿਆਰਥੀਆਂ ਦੀ ਪ੍ਰਗਤੀ ਬਾਰੇ ਪਤਾ ਲਗਾਉਣ ਲਈ ਮਿਤੀ 19.12.2023 ਤੋਂ 20.12.2023 ਤੱਕ ਕਰਵਾ ਲਈ ਜਾਵੇ।

**2.2** ਟੈਸਟਿੰਗ ਲਈ ਵਰਤੇ ਜਾਣ ਵਾਲੇ ਟੈਸਟਿੰਗ ਟੂਲਜ਼ Punjab Educare App ਤੋਂ ਮਿਤੀ 18-12-2023 ਨੂੰ download ਕੀਤੇ ਜਾ ਸਕਦੇ ਹਨ। ਇਹ ਟੈਸਟਿੰਗ ਹਰੇਕ ਬੱਚੇ ਦੀ ਕੀਤੀ ਜਾਵੇ ਅਤੇ ਇਸ ਦਾ ਰਿਕਾਰਡ ਅਧਿਆਪਕ ਆਪਣੇ ਕੋਲ ਰੱਖਣਗੇ ਅਤੇ e-punjab app ਤੇ ਅਪਲੋਡ ਕਰਨਗੇ।

**3.0 <u>PTM ਸਬੰਧੀ।</u>**

**3.1** ਮਿਤੀ 16.12.23 ਨੂੰ ਹੋਣ ਵਾਲੀ PTM ਵਿੱਚ ਅਧਿਆਪਕ ਵੱਲੋਂ ਤੀਜੀ ਤੋਂ ਅੱਠਵੀ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਮਿਸ਼ਨ ਸਮਰੱਥ ਦੇ ਟੀਚੇ ਅਤੇ ਇਸ ਤਹਿਤ ਹੋਈ baseline testing ਵਿੱਚ ਵਿਦਿਆਰਥੀਆਂ ਦੇ ਪੰਜਾਬੀ, ਗਣਿਤ ਅਤੇ ਅੰਗਰੇਜੀ ਵਿਸ਼ਿਆਂ ਵਿੱਚ ਪੱਧਰਾਂ ਬਾਰੇ ਜ਼ਰੂਰ ਦੱਸਿਆ ਜਾਵੇ।

3.2 ਮਿਸ਼ਨ ਸਮਰੱਥ ਦੀ ਜਾਣਕਾਰੀ ਲਈ ਲਈ ਤਿਆਰ ਕੀਤਾ ਗਿਆ brochure (ਨਾਲ ਨੱਥੀ) ਨੂੰ PTM ਵਾਲੇ ਦਿਨ ਕਿਸੇ LCD ਜਾਂ ਕਿਸੇ flex ਆਦਿ ਤੇ ਜਰੂਰ ਡਿਸਪਲੇ ਕੀਤਾ ਜਾਵੇ ਤਾਂ ਕਿ ਸਭ ਮਾਤਾ-ਪਿਤਾ ਇਸ ਨੂੰ ਪੜ੍ਹ ਸਕਣ।

3.3 ਮਾਪਿਆਂ ਨੂੰ ਹੇਠ ਲਿਖੇ ਜਰੂਰੀ ਨੁਕਤਿਆਂ ਨਾਲ ਜਾਣੂ ਕਰਵਾਇਆ ਜਾਵੇ:

i. ਆਪਣੇ ਬੱਚੇ ਨੂੰ ਹਰ ਰੋਜ ਸਕੂਲ ਭੇਜਣ।

ii. ਆਪਣੇ ਬੱਚੇ ਤੋਂ ਹਰ ਰੋਜ਼ ਸਕੂਲ ਵਿੱਚ ਕਰਵਾਏ ਗਏ ਕੰਮ ਬਾਰੇ ਪੁੱਛਣ।

4.0 <u>ਮਿਸ਼ਨ ਸਮਰੱਥ ਤਹਿਤ ਦਸੰਬਰ 2023 ਦੀਆਂ ਛੁੱਟੀਆਂ ਦੇ ਕੰਮ ਸਬੰਧੀ:-</u>

4.1 ਜਮਾਤਾਂ ਤੀਜੀ ਤੋਂ ਅੱਠਵੀ ਤੱਕ ਲਈ ਵਿਦਿਆਰਥੀਆਂ ਨੂੰ ਛੁੱਟੀਆਂ ਦਾ ਕੰਮ ਵਰਕਸੀਟ ਦੀ PDF ਦੇ ਰੂਪ ਵਿੱਚ ਭੇਜਿਆ ਜਾਵੇਗਾ।

4.2 ਇਸ ਸੰਬਧੀ ਵਿਦਿਆਰਥੀਆਂ ਦੇ ਮਾਪਿਆਂ ਨੂੰ ਰੋਜਾਨਾ phone ਤੇ ਇਕ SMS ਵੀ ਭੇਜਿਆ ਜਾਵੇਗਾ।

5.0 ਇਹਨਾਂ ਹਦਾਇਤਾ ਦੀ ਪਾਲਣਾ ਕਰਨਾ ਇੰਨ-ਬਿੰਨ ਯਕੀਨੀ ਬਣਾਈ ਜਾਵੇ।

**ਡਾਇਰੈਕਟਰ**

**ਐਸ.ਸੀ.ਈ.ਆਰ.ਟੀ, ਪੰਜਾਬ।**

**ਪਿਠ ਅੰਕਣ ਨੰ:** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:**

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ ਟੂ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਗ), ਪੰਜਾਬ
3. ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਪੀ ਏ ਟੂ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਪੀ.ਏ ਟੂ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ

15/12/23

**ਸਹਾਇਕ ਡਾਇਰੈਕਟਰ**

**ਐਸ.ਸੀ.ਈ.ਆਰ.ਟੀ, ਪੰਜਾਬ।**

# ਮਿਸ਼ਨ ਸਮਰੱਥ

ਤੀਜੀ ਤੋਂ ਅੱਠਵੀਂ ਜਮਾਤ ਲਈ



**ਸ**- ਸਮਰੱਥ ਬਣੇਗਾ ਹਰ ਇੱਕ ਬਾਲ

**ਮ**- ਮਜ਼ਬੂਤ ਬਣੇ ਸਿੱਖਿਆ ਆਧਾਰ

**ਰੱ**- ਰੱਖੀਏ ਲਗਨ ਫੜੀਏ ਰਫ਼ਤਾਰ

**ਥ**- ਥੋੜ੍ਹਾ - ਥੋੜ੍ਹਾ ਮਿਹਨਤ ਨਾਲ




## ਸਾਡਾ ਮਿਸ਼ਨ

- ਸਿੱਖਿਆ ਲਈ ਸੁਖਾਵਾਂ ਮਹੌਲ ਬਣਾਉਣਾ
- ਬੱਚਿਆਂ ਦੀਆਂ ਸਿੱਖਣ ਸਮਰੱਥਾਵਾਂ ਵਧਾਉਣਾ
- ਰੌਚਕ ਢੰਗਾਂ ਨਾਲ ਪੜ੍ਹਾਈ
- ਖੇਡ- ਖੇਡ ਵਿੱਚ ਅੱਖਰਾਂ ਅਤੇ ਅੰਕਾਂ ਦਾ ਗਿਆਨ
- ਭੈਅ ਮੁਕਤ ਰੌਚਕ ਸਿੱਖਿਆ

## ਸਾਡੀ ਸੋਚ

- ਹਰ ਬੱਚਾ ਖੁਸ਼ੀ ਨਾਲ ਸਕੂਲ ਆਵੇ
- ਹਰ ਬੱਚਾ ਪੜ੍ਹਨ - ਲਿਖਣ ਦੇ ਸਮਰੱਥ ਹੋਵੇ
- ਹਰ ਬੱਚਾ ਆਪਾ ਪ੍ਰਗਟਾਉਣ ਦੇ ਸਮਰੱਥ ਹੋਵੇ।

# ਸਾਡਾ ਕੰਮ

## ਅਧਿਆਪਕ

ਬੱਚਿਆਂ ਦੇ ਸਿੱਖਣ ਪੱਧਰਾਂ ਦੀ ਜਾਂਚ ਕਰਨਾ

ਬੱਚਿਆਂ ਦੇ ਸਿੱਖਣ ਪੱਧਰਾਂ ਅਨੁਸਾਰ ਸਮੂਹ ਬਣਾਉਣਾ

ਸਿੱਖਣ ਪੱਧਰਾਂ ਅਨੁਸਾਰ ਪੜ੍ਹਾਈ ਕਰਵਾਉਣਾ

ਬੱਚਿਆਂ ਨੂੰ ਭਾਸ਼ਾ ਅਤੇ ਗਣਿਤ ਦੇ ਮੁੱਢਲੇ ਸੰਕਲਪਾਂ ਵਿੱਚ ਪਰਿਪੱਕ ਕਰਨਾ



## ਮਾਪੇ

ਬੱਚੇ ਨੂੰ ਹਰ ਰੋਜ਼ ਸਕੂਲ ਭੇਜਣਾ

ਹਰ ਰੋਜ਼ ਸਕੂਲ ਵਿੱਚ ਹੋਈਆਂ ਗਤੀਵਿਧੀਆਂ ਬਾਰੇ ਬੱਚਿਆਂ ਨਾਲ ਚਰਚਾ ਕਰਨਾ

ਬੱਚੇ ਦੀਆਂ ਸਿੱਖਣ ਸਮਰੱਥਾਵਾਂ ਸਮਝਣ ਵਿੱਚ ਅਧਿਆਪਕ ਨੂੰ ਸਹਿਯੋਗ ਕਰਨਾ

## ਬੱਚੇ




ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8,
ਐੱਸ.ਏ.ਐੱਸ.ਨਗਰ, ਮੁਹਾਲੀ